# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਰਜਿਸਟਰਡ/ਈ-ਮੇਲ

ਨੰ. 2995/ਕਾਲਜਾਂ/ਸ-4,6

ਮਿਤੀ 30-08/2022

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ
ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ

ਵਿਸ਼ਾ: **ਅਕਾਦਮਿਕ ਸੈਸ਼ਨ 2022-23 ਲਈ ਕਾਲਜ ਵਿਖੇ ਚੱਲ ਰਹੇ ਐਮ.ਬੀ.ਏ/ਐਮ.ਸੀ.ਏ./ਐਮ.ਕਾਮ/ਐਮ.ਐਸ.ਸੀ *(ਐਮ.ਐਸ.ਸੀ. ਆਈ.ਟੀ. ਕੋਰਸ ਨੂੰ ਛੱਡ ਕੇ)*, ਐਮ.ਪੀ.ਐਡ/ਐਮ.ਐਡ ਅਤੇ ਐਲ.ਐਲ.ਐਮ ਕੋਰਸਾਂ ਦੀ (ਪ੍ਰਤੀ ਯੂਨਿਟ) ਕੰਟੀਨਿਊਸ਼ਨ ਫੀਸ ਭੇਜਣ ਸਬੰਧੀ।**

ਉਕਤ ਵਿਸ਼ੇ ਸਬੰਧੀ ਦਫਤਰ ਵਲੋਂ ਪਹਿਲਾਂ ਜਾਰੀ ਕੀਤੇ ਗਏ ਪੱਤਰ ਨੰ: 1846/ਕਾਲਜਾਂ/ਸ-4, ਸ-6, ਸ-3 ਦੀ ਲਗਾਤਾਰਤਾ ਅਤੇ ਵਾਈਸ-ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਹੋਏ ਆਦੇਸ਼ਾਂ ਅਨੁਸਾਰ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਕੋਰਸਾਂ ਲਈ (ਪ੍ਰਤੀ ਯੂਨਿਟ) ਨਿਯਮਾਂ ਅਨੁਸਾਰ ਨਿਰਧਾਰਤ ਫੀਸਾਂ ਕੇਵਲ ਕੋਰਸ ਕੰਟੀਨਿਊਸ਼ਨ ਫੀਸ *(18% ਜੀ.ਐਸ.ਟੀ ਸਮੇਤ)* ਜਮ੍ਹਾਂ ਕਰਵਾਉਣ ਲਈ ਆਖਰੀ ਮਿਤੀ **ਬਿਨਾਂ ਲੇਟ ਫੀਸ 31-08-2022** ਤੋਂ ਵਧਾ ਕੇ ਮਿਤੀ 30-09-2022 ਤੱਕ ਵਾਧਾ ਕੀਤਾ ਜਾਂਦਾ ਹੈ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਤੀ 30-09-2022 ਤੋਂ ਬਾਅਦ ਨਿਯਮਾਂ ਅਨੁਸਾਰ ਬਣਦੀ ਲੇਟ ਫੀਸ ਨਾਲ ਕੋਰਸ ਕੰਟੀਨਿਊਸ਼ਨ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।

1. **ਐਮ.ਬੀ.ਏ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 1 ਲੱਖ ਰੁਪਏ
2. **ਐਮ.ਸੀ.ਏ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 1 ਲੱਖ ਰੁਪਏ
3. **ਐਮ.ਕਾਮ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
4. **ਐਮ.ਐਸ.ਸੀ.(2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
   ***(ਐਮ.ਐਸ.ਸੀ.(ਆਈ.ਟੀ) ਕੋਰਸ ਨੂੰ ਛੱਡ ਕੇ)***
5. **ਐਮ.ਪੀ.ਐਡ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
6. **ਐਮ.ਐਡ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ
7. **ਐਲ.ਐਲ.ਐਮ (2 ਸਾਲਾ)** ਪਹਿਲੇ ਸਾਲ 1 ਲੱਖ, ਦੂਜੇ ਸਾਲ 1 ਲੱਖ ਅਤੇ ਇਸ ਉਪਰੰਤ ਹਰ ਸਾਲ ਕੰਟੀਨਿਊਸ਼ਨ ਫੀਸ ਵਜੋਂ 50 ਹਜ਼ਾਰ ਰੁਪਏ

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕੋਰਸ ਕੰਟੀਨਿਊਸ਼ਨ ਫੀਸ ਆਰ.ਟੀ.ਜੀ.ਐਸ ਰਾਹੀਂ (ਯੂਨੀਵਰਸਿਟੀ ਦੇ ਖਾਤਾ ਨੰ: 65257458501) ਵਿਚ ਜਮ੍ਹਾਂ ਕਰਵਾਈ ਜਾਵੇ।

ਉਕਤ ਫੀਸ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਦੇ ਲੈਟਰ ਹੈਡ ਤੇ (ਜਿਸ ਉੱਤੇ **UTR/RTGS/Chq.No.** ਸਹੀ ਲਿਖੇ ਹੋਣ) (ਬੈਂਕ ਵਲੋਂ ਪ੍ਰਾਪਤ ਰਸੀਦ ਸਮੇਤ) ਉਸੇ ਦਿਨ ਈ-ਮੇਲ (**pupcollegesection@pbi.ac.in**) ਰਾਹੀਂ ਭੇਜ ਕੇ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਇਸਦੀ ਇਕ **hard copy** ਵੀ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ।

30/8/22

ਡੀਨ, ਕਾਲਜ ਵਿਕਾਸ ਕੌਂਸਲ